This question paper contains 1 printed pages]

Roll No. | | | | | | | | | | | |

S. No. of Question Paper : 369

Unique Paper Code : 212351 D

Name of the Paper : Punjabi Discipline 'A'

Name of the Course : B.A. (Programme) Punjabi

Semester : III

Duration : 3 Hours Maximum Marks : 75

(Write your Roll No. on the top immediately on receipt of this question paper.)

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਸਵਰਾਜਬੀਰ ਆਪਣੇ ਨਾਟਕ 'ਕ੍ਰਿਸ਼ਨ' ਵਿਚ, ਮਿਥਿਹਾਸਕ-ਕਥਾ ਦਾ ਵਰਤਮਾਨ ਦੇ ਪ੍ਰਸੰਗ ਵਿਚ ਕਿਵੇਂ ਰੂਪਾਂਤਰਣ ਕਰਦਾ ਹੈ ? ਚਰਚਾ ਕਰੋ। 15

ਜਾਂ

ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਦਾ ਵਿਸ਼ਾ-ਵਸਤੂ ਦੱਸਦੇ ਹੋਏ, ਇਸ ਵਿਚਲੀ ਕਥਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਦਿਉ : 10
1) ਸਵਰਾਜਬੀਰ ਆਪਣੇ ਨਾਟਕ 'ਕ੍ਰਿਸ਼ਨ' ਦਾ ਮੂਲ ਸੂਤਰ ''ਖਾਂਡਵ ਵਣ'' ਦੀ ਘਟਨਾ ਨੂੰ ਮੰਨਦਾ ਹੈ। ਨਾਟਕ ਦੇ ਆਧਾਰ 'ਤੇ ਇਸ ਕਥਨ 'ਤੇ ਵਿਚਾਰ ਕਰੋ।
2) ਨਾਟਕ ਕ੍ਰਿਸ਼ਨ' ਵਿਚ ਪਾਤਰ 'ਕ੍ਰਿਸ਼ਨ' ਦਾ ਕਿਹੋ ਜਿਹਾ ਬਿੰਬ ਸਿਰਜਿਆ ਗਿਆ ਹੈ? ਸੰਖੇਪ ਚਰਚਾ ਕਰੋ।
3) ਨਾਟਕ 'ਕ੍ਰਿਸ਼ਨ' ਦੀਆਂ ਕਲਾਤਮਕ-ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।

3. ''ਪਰਵੇਜ਼ ਕੌਰ ਸੰਧੂ ਦਾ ਕਹਾਣੀ-ਸੰਗ੍ਰਹਿ 'ਮੁੱਠੀ ਭਰ ਸੁਪਨੇ' ਵਿਚਲੀਆਂ ਕਹਾਣੀਆਂ 'ਪਰਵਾਸ ਭੋਗ ਰਹੇ ਪੰਜਾਬੀਆਂ/ਭਾਰਤੀਆਂ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਆਪਣਾ ਵਿਸ਼ਾ-ਵਸਤੂ ਬਣਾਉਂਦੀਆਂ ਹਨ।'' ਕਿਵੇਂ? ਚਰਚਾ ਕਰੋ। 15

ਜਾਂ

ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ-ਸਾਰ ਪੇਸ਼ ਕਰੋ :
'ਸੌਂਕਣ', 'ਮੁੱਠੀ ਭਰ ਸੁਪਨੇ', 'ਹਨ੍ਹੇਰੇ ਦਾ ਪਿੰਡਾ', 'ਬਲੀ'।

4. 'ਮੁੱਠੀ ਭਰ ਸੁਪਨੇ' ਪਾਠ-ਪੁਸਤਕ ਦੇ ਆਧਾਰ 'ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਸੰਖੇਪ 'ਚ ਦਿਉ:
ੳ) 'ਨਾਰੀ-ਸੰਵੇਦਨਾ' ਨੂੰ ਪ੍ਰਗਟਾਉਂਦੀ ਕਿਸ ਕਹਾਣੀ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ ਤੇ ਕਿਵੇਂ? ਚਰਚਾ ਕਰੋ। 10
ਅ) 'ਪਰਵਾਸੀ ਚੇਤਨਾ' ਨੂੰ ਕੀ 'ਖੰਡਿਤ-ਚੇਤਨਾ' ਦਾ ਨਾਮ ਵੀ ਦਿੱਤਾ ਜਾ ਸਕਦਾ ਹੈ? ਵਿਚਾਰ ਪੇਸ਼ ਕਰੋ।
ੲ) 'ਚੱਕੀ ਦੇ ਪੁੜ' ਜਾਂ 'ਸਵਰਗ' ਕਹਾਣੀ ਦੇ ਵਿਸ਼ੇ-ਵਸਤੂ ਬਾਰੇ ਸੰਖੇਪ ਜਾਣਕਾਰੀ ਦਿਉ।

5. ੳ) 'ਟੈਲੀਵਿਜ਼ਨ ਨਾਟਕ', 'ਰੇਡੀਉ ਨਾਟਕ' ਤੋਂ ਵਧੇਰੇ ਪ੍ਰਭਾਵਸ਼ਾਲੀ ਹੈ-ਕਿਵੇਂ? 5
ਅ) ਪੰਜਾਬੀ ਲੋਕ-ਨਾਟਕ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਜਾਣਕਾਰੀ ਦਿਉ। 5
ੲ) ਨਾਟਕ ਤੇ ਰੰਗ ਮੰਚ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ। 5
ਸ) ਪੰਜਾਬੀ ਨਾਟਕ ਜਾਂ ਰੰਗ ਮੰਚ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿਉ। 10